# ਪਿੰਡਾਂ 'ਚ ਖੇਤ ਸੜ ਰਹੇ ਹਨ, ਸ਼ਹਿਰਾਂ 'ਚ ਸਾਹ ਘੁੱਟ ਹੋ ਰਿਹੈ



ਡਾ. ਮੋਹਨ ਲਾਲ ਸ਼ਰਮਾ

ਹਰ ਸਾਲ ਅਕਤੂਬਰ-ਨਵੰਬਰ ਦੇ ਮਹੀਨੇ 'ਚ ਪੰਜਾਬ, ਹਰਿਆਣਾ ਤੇ ਯੂ. ਪੀ. 'ਚ ਹਵਾ ਜ਼ਹਿਰੀਲੀ ਹੋ ਜਾਂਦੀ ਹੈ। ਇਸ ਦੇ ਲਈ ਇਨ੍ਹਾਂ ਤਿੰਨਾਂ ਸੂਬਿਆਂ 'ਚ ਝੋਨੇ ਦੀ ਫਸਲ ਵੱਢਣ ਤੋਂ ਬਾਅਦ ਸਾੜੀ ਜਾਣ ਵਾਲੀ ਪਰਾਲੀ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਪਰਾਲੀ ਸਾੜਨ ਨਾਲ ਨਿਕਲਣ ਵਾਲਾ ਧੂੰਆਂ ਵਾਤਾਵਰਣ 'ਚ ਮਿਲ ਕੇ ਹਵਾ ਨੂੰ ਜ਼ਹਿਰੀਲੀ ਬਣਾ ਰਿਹਾ ਹੈ, ਜਿਸ ਕਾਰਨ ਲੋਕਾਂ ਨੂੰ ਸਾਹ ਲੈਣ 'ਚ ਤਕਲੀਫ ਹੋ ਰਹੀ ਹੈ। ਹਵਾ ਜ਼ਹਿਰੀਲੀ ਹੋਣ ਕਰਕੇ ਲੋਕ ਲਗਾਤਾਰ ਘਾਤਕ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ।

ਪਰਾਲੀ ਸਾੜਨ ਨਾਲ ਨਿਕਲਣ ਵਾਲਾ ਧੂੰਆਂ ਇਕ ਤਾਂ ਹਵਾ ਨੂੰ ਦੂਸ਼ਿਤ ਕਰਦਾ ਹੈ ਅਤੇ ਦੂਜਾ ਮਿੱਟੀ ਦੀ ਉਪਜਾਊ ਸ਼ਕਤੀ ਵੀ ਪਰਾਲੀ ਨੂੰ ਅੱਗ ਲਾਉਣ ਨਾਲ ਖਤਮ ਹੁੰਦੀ ਹੈ। ਇਸ ਦੇ ਧੂੰਏਂ ਨਾਲ ਵਾਯੂਮੰਡਲ 'ਚ ਜ਼ਹਿਰੀਲੀਆਂ ਗੈਸਾਂ ਦੀ ਮਾਤਰਾ ਵਧ ਜਾਂਦੀ ਹੈ, ਜਿਸ ਨਾਲ ਲੋਕਾਂ ਨੂੰ ਸਾਹ ਤੇ ਚਮੜੀ ਸਬੰਧੀ ਬੀਮਾਰੀਆਂ ਨਾਲ ਜੂਝਣਾ ਪੈਂਦਾ ਹੈ। ਪੰਜਾਬ ਤੇ ਹਰਿਆਣਾ 'ਚ ਪਰਾਲੀ ਸਾੜਨ ਦੀ ਸਮੱਸਿਆ ਇੰਨੀ ਗੰਭੀਰ ਹੋ ਗਈ ਹੈ ਕਿ ਇਸ ਨੇ ਦਿੱਲੀ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ।

ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਕਣਕ, ਗੰਨੇ ਦੀਆਂ ਹਰੀਆਂ ਪੱਤੀਆਂ, ਸਾਗ, ਸਬਜ਼ੀਆਂ ਦੇ ਹਰੇ ਪੱਤੇ ਆਦਿ ਪਸ਼ੂਆਂ ਨੂੰ ਖੁਆ ਦਿੱਤੇ ਜਾਂਦੇ ਹਨ, ਜਦਕਿ ਝੋਨੇ ਦੀ ਪਰਾਲੀ (ਰਹਿੰਦ-ਖੂੰਹਦ) ਨੂੰ ਖੇਤਾਂ 'ਚ ਹੀ ਅੱਗ ਲਾ ਕੇ ਸਾੜ ਦਿੱਤਾ ਜਾਂਦਾ ਹੈ। ਇਹ ਸਮੱਸਿਆ ਉਸ ਜਗ੍ਹਾ ਜ਼ਿਆਦਾ ਹੈ ਜਿਥੇ ਹਾਰਵੈਸਟਰ ਨਾਲ ਇਸ ਦੀ ਕਟਾਈ ਕੀਤੀ ਜਾਂਦੀ ਹੈ ਕਿਉਂਕਿ ਇਸ ਨਾਲ ਕਟਾਈ ਤੋਂ ਬਾਅਦ ਬਹੁਤ ਜ਼ਿਆਦਾ ਰਹਿੰਦ-ਖੂੰਹਦ ਬਚ ਜਾਂਦੀ ਹੈ, ਜਿਸ ਨੂੰ ਸਾੜਨਾ ਹੀ ਕਿਸਾਨ ਠੀਕ ਸਮਝਦੇ ਹਨ। ਜੇ ਝੋਨੇ ਦੀ ਪਰਾਲੀ ਸਾੜਨ ਦੀ ਬਜਾਏ ਖੇਤ 'ਚ ਹੀ ਵਾਹ ਕੇ ਮਿਲਾ ਦਿੱਤੀ ਜਾਏ ਤਾਂ ਇਹ ਖਾਦ ਦੇ ਰੂਪ 'ਚ ਬਦਲ ਜਾਏਗੀ।



ਸਰਕਾਰ ਕਿਸਾਨਾਂ ਨੂੰ ਇਸ ਵਿਸ਼ੇ 'ਚ ਲਗਾਤਾਰ ਜਾਗਰੂਕ ਕਰ ਰਹੀ ਹੈ ਤੇ ਆਪਣੇ ਵਲੋਂ ਉਨ੍ਹਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਕਿਸਾਨਾਂ ਦੇ ਉੱਜਵਲ ਭਵਿੱਖ ਲਈ ਕਈ ਉਪਯੋਗੀ ਨੀਤੀਆਂ ਵੀ ਅਪਣਾਈਆਂ ਜਾ ਰਹੀਆਂ ਹਨ। ਝੋਨੇ ਦੀ ਵਾਢੀ ਤੋਂ ਬਾਅਦ ਬਚੀ ਰਹਿੰਦ-ਖੂੰਹਦ ਨੂੰ ਟਿਕਾਣੇ ਲਾਉਣ ਲਈ ਸਰਕਾਰ ਵਲੋਂ ਰੋਟਾਵੇਟਰ ਮਸ਼ੀਨਾਂ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਵੱਖ-ਵੱਖ ਪਿੰਡਾਂ 'ਚ ਝੋਨੇ ਦੀ ਪਰਾਲੀ ਨਾ ਸਾੜੇ ਜਾਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਵਾਸਤੇ ਕੈਂਪ ਲਾਏ ਜਾ ਰਹੇ ਹਨ ਤਾਂ ਕਿ ਕਿਸਾਨਾਂ ਨੂੰ ਇਸ ਦੇ ਧੂੰਏਂ ਨਾਲ ਹੋਣ ਵਾਲੇ ਨੁਕਸਾਨ ਬਾਰੇ ਪਤਾ ਲੱਗ ਸਕੇ। ਨਾਲ ਹੀ ਕਿਸਾਨਾਂ ਨੂੰ ਹੈਪੀ ਸੀਡਰ ਮਸ਼ੀਨ ਦੀ ਵਰਤੋਂ ਕਰਨ ਸਬੰਧੀ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੀ ਵਰਤੋਂ ਫਸਲ ਵੱਢਣ ਤੋਂ ਬਾਅਦ ਬਚੀ ਪਰਾਲੀ ਨੂੰ ਖੇਤ 'ਚ ਹੀ ਇਸਤੇਮਾਲ ਕਰਨ ਲਈ ਕੀਤੀ ਜਾਂਦੀ ਹੈ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ।

ਸਰਕਾਰ ਵਲੋਂ ਕਿਸਾਨਾਂ ਨੂੰ ਕਈ ਤਰ੍ਹਾਂ ਦੀ ਹੋਰ ਵਿੱਤੀ ਮਦਦ ਵੀ ਦਿੱਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਸਰਕਾਰੀ ਯੋਜਨਾ ਦੇ ਤਹਿਤ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਸਾੜਨੀ ਨਾ ਪਏ, ਇਸ ਦੇ ਲਈ 50 ਕਰੋੜ ਤੋਂ ਜ਼ਿਆਦਾ ਦੀ ਵਿਵਸਥਾ ਕੀਤੀ ਹੈ ਤੇ ਇਸ ਯੋਜਨਾ ਦਾ ਜ਼ਿਆਦਾ ਬਜਟ ਪੰਜਾਬ ਸਰਕਾਰ ਕੋਲ ਹੀ ਹੈ। ਮੋਦੀ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਬੇਨਤੀ ਕਰਦਿਆਂ ਕਿਹਾ ਕਿ ਇਸ ਦੇ ਧੂੰਏਂ ਨਾਲ ਲੋਕਾਂ ਨੂੰ ਬਹੁਤ ਗੰਭੀਰ ਬੀਮਾਰੀਆਂ ਹੋ ਰਹੀਆਂ ਹਨ। ਇੰਨੀਆਂ ਯੋਜਨਾਵਾਂ ਤੇ ਕੋਸ਼ਿਸ਼ਾਂ ਤੋਂ ਬਾਅਦ ਜੇ ਕੋਈ ਕਿਸਾਨ ਪਰਾਲੀ ਸਾੜਨ ਤੋਂ ਨਹੀਂ ਹਟਦਾ ਤਾਂ ਉਸ ਵਿਰੁੱਧ ਸਰਕਾਰ ਸਖਤੀ ਨਾਲ ਵੀ ਕਦਮ ਚੁੱਕ ਰਹੀ ਹੈ ਅਤੇ ਅਜਿਹਾ ਕਰਨ ਵਾਲੇ ਕਿਸਾਨਾਂ ਵਿਰੁੱਧ ਬਣਦੀ ਕਾਰਵਾਈ ਕਰ ਕੇ ਉਨ੍ਹਾਂ ਨੂੰ ਜੁਰਮਾਨੇ ਕੀਤੇ ਜਾ ਰਹੇ ਹਨ।

ਇਸੇ ਦਾ ਸਿੱਟਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਪਰਾਲੀ ਸਾੜਨ ਦੇ ਮਾਮਲਿਆਂ 'ਚ ਕੁਝ ਕਮੀ ਆਈ ਹੈ। ਪਿਛਲੇ ਸਾਲ ਜਿਥੇ ਇਹ ਮਾਮਲੇ 12000 ਤੋਂ ਵੱਧ ਸਨ, ਉਥੇ ਹੀ ਇਸ ਸਾਲ ਇਨ੍ਹਾਂ ਮਾਮਲਿਆਂ ਦੀ ਗਿਣਤੀ ਲਗਭਗ 5500 ਦਰਜ ਕੀਤੀ ਗਈ। ਇਸ ਨੂੰ ਦੇਖਦਿਆਂ ਕਹਿ ਸਕਦੇ ਹਾਂ ਕਿ ਸਰਕਾਰ ਵਲੋਂ ਚੁੱਕੇ ਜਾ ਰਹੇ ਕਦਮ ਆਪਣਾ ਅਸਰ ਦਿਖਾ ਰਹੇ ਹਨ। ਸਰਕਾਰ ਵਲੋਂ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਖੇਤੀ ਸੰਦਾਂ ਦੀ ਵਰਤੋਂ ਪਰਾਲੀ ਸਾੜਨ 'ਤੇ ਆਉਣ ਵਾਲੇ ਖਰਚ ਦੇ ਮੁਕਾਬਲੇ ਸਿਰਫ 300 ਰੁਪਏ ਪ੍ਰਤੀ ਏਕੜ ਜ਼ਿਆਦਾ ਹੈ ਅਤੇ ਪਰਾਲੀ ਸਾੜਨ ਨਾਲ ਵਾਤਾਵਰਣ ਤਾਂ ਦੂਸ਼ਿਤ ਹੁੰਦਾ ਹੈ ਅਤੇ ਮਨੁੱਖੀ ਸਿਹਤ ਨੂੰ ਵੀ ਨੁਕਸਾਨ ਹੁੰਦਾ ਹੈ। ਪਰਾਲੀ ਸਾੜਨ ਤੋਂ ਰੋਕਣ ਲਈ ਸਰਕਾਰ ਵਲੋਂ ਕਈ ਇਸ਼ਤਿਹਾਰ ਵੀ ਜਾਰੀ ਕੀਤੇ ਜਾ ਰਹੇ ਹਨ ਤਾਂ ਕਿ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਸਕੇ।

ਜੇ ਸਰਕਾਰ ਦੇ ਯਤਨ ਇਸੇ ਤਰ੍ਹਾਂ ਚਲਦੇ ਰਹੇ ਤੇ ਕਿਸਾਨ ਭਰਾਵਾਂ ਦਾ ਸਰਕਾਰ ਨੂੰ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਿਹਾ ਤਾਂ ਆਉਣ ਵਾਲੇ ਸਮੇਂ 'ਚ ਹੋ ਸਕਦਾ ਹੈ ਕਿ ਇਹ ਸਮੱਸਿਆ ਖਤਮ ਹੀ ਹੋ ਜਾਵੇ।

drmlsharma5@gmail.com

# गांव में खेत जल रहे हैं, शहरों में दम घुट रहा है

**वर्तमान** समय में अक्तूबर-नवम्बर के महीने में पंजाब, हरियाणा तथा उत्तर-प्रदेश में हवा जहरीली  हो जाती है। इस समस्या के लिए इन तीनों राज्यों में धान की फसल की कटाई के बाद जलाई जाने वाली पराली को कारण माना जाता है। कहा जाता है कि पराली को जलाने से इससे निकलने वाला धुआं वातावरण में मिलकर हवा को जहरीला बना रहा है। इसी कारण इंसान को सांस लेने में भी समस्या हो रही है। इसी हवा के कारण लोग लगातार घातक बीमारियों के शिकार हो रहे हैं। आखिर यह पराली है क्या?

फसल काटने के बाद बचा हिस्सा है पराली। किसान पकने के बाद फसल तो काट लेता है, जो बाकी रह जाता है उसे वह वहीं पर जला देता है। इससे निकलने वाला धुआं जहां विषैला बनकर वातावरण दूषित करता है, वहीं मिट्टी इन अवशेषों में पाए जाने वाले पोषक तत्वों से वंचित रह जाती है। मानव स्वास्थ्य के लिहाज से पराली का धुआं हवा में फैलते जहर के समान है। इस धुएं से वायुमण्डल में जहरीली गैसों की मात्रा बढ़ जाती है, जिससे लोगों में सांस व त्वचा सम्बन्धी तकलीफें बढ़ जाती हैं। पंजाब और हरियाणा में पराली जलाने की समस्या इतनी गम्भीर हो गई है कि इसने दिल्ली को भी अपनी चपेट में ले लिया है और इन राज्यों में सर्दी-गर्मी की छुट्टियों के अलावा स्मॉग की छुट्टियां भी होने लगी हैं। अब धान की कटाई हर जगह चल रही है तथा सड़क के दोनों ओर खेतों में पराली जलाने का दृश्य दिखाई देता है।

आमतौर पर देखा गया है कि गेहूं, गन्ने की हरी पत्तियां, साग-सब्जियों के हरे पत्ते व डंठल पशुओं को खिलाए जाते हैं जबकि धान की पराली को खेतों में ही जला दिया जाता है। यह समस्या उस जगह अधिक है जहां पर हार्वेस्टर से इसकी कटाई की जाती है क्योंकि इससे कटाई के बाद फसल के अवशेष खड़े रह जाते हैं जिसे लोग जलाना ही ठीक समझते हैं। यदि इन फसलों के अवशेषों को जलाकर नष्ट न करके खेत में ही जुताई के समय मिला लिया जाए तो ये खाद में परिवर्तित हो जाएंगे।

## सरकार कर रही किसानों को जागरूक

**इस** विषय में सरकार लगातार किसानों को जागरूक कर रही है। किसानों को अलग-अलग प्रकार से प्रोत्साहन दिया जा रहा है। निवेदन किए जा रहे हैं। किसानों के उज्ज्वल भविष्य के लिए कई उपयोगी नीतियां भी



**प्रि. डा. मोहन लाल शर्मा**

अपनाई जा रही हैं। सरकार द्वारा इस कार्य को और बेहतर तरीके से करने के लिए रोटावेटर मशीनें उपयोग में लाई जा रही हैं। अलग-अलग गांवों में धान की पराली न जलाए जाने के विषय में किसानों को जागरूक करने के लिए प्रशिक्षण शिविरों का आयोजन किया जा रहा है, जिससे किसानों को इस धुएं से होने वाले नुक्सान के बारे में पता चल सके। साथ ही किसानों को हैप्पी सीडर मशीन का प्रयोग करने के विषय में भी जागरूक किया जा रहा है। इसके उपयोग के पश्चात फसल की कटाई के बाद बचे शेष को खेत में ही प्रयोग कर लिया जाता है, जिस कारण खेत की उर्वरा शक्ति भी बढ़ती है तथा  किसानों द्वारा कूड़ा समझी जाने वाली यह पराली कंचन का रूप ले लेगी।



कई और वित्तीय सहायताएं भी हैं जो सरकार द्वारा किसानों को दी जा रही हैं। प्रधानमंत्री नरेन्द्र मोदी ने एक सरकारी योजना के अंतर्गत पंजाब और हरियाणा के किसानों को अपनी फसलों के अवशेषों को जलाना न पड़े, इसके लिए 50 करोड़ से ज्यादा का प्रावधान किया है तथा इस योजना का अधिक बजट पंजाब सरकार के पास ही है। मोदी ने किसानों को पराली न जलाने का निवेदन करते हुए कहा है कि इसके धुएं से गम्भीर बीमारियां हो रही हैं। इतनी योजनाओं, प्रयासों के पश्चात भी यदि कोई किसान पराली जलाने से नहीं हटता तो सरकार सख्त कदम भी उठा रही है। सरकार उन लोगों पर बनती अनुशासनिक कार्रवाई करके उन पर जुर्माने लगा रही है, जिसका असर आज हमारे सामने है।

## सख्ती का असर

**पिछले** वर्ष की तुलना में इस वर्ष पराली जलाने के मामलों में कमी आई है। जहां पिछले वर्ष ये मामले 12000 से अधिक थे, वहीं इस वर्ष इन मामलों की संख्या 5500 के करीब दर्ज की गई। पिछले वर्षों के मुकाबले इस वर्ष इन मामलों में कमी आने का अर्थ है कि सरकार द्वारा उठाए जा रहे कदम अपना असर दिखा रहे हैं। इस वर्ष भी सरकार बहुत से कदम उठा रही है। सरकार द्वारा किसानों को जागरूक किया जा रहा है कि कृषि उपकरणों का प्रयोग पराली जलाने पर आने वाले खर्च की तुलना में मात्र 300 रुपए प्रति एकड़ ज्यादा है। इसके लिए सरकार द्वारा अनेक विज्ञापन भी जारी किए जा रहे हैं।

यदि सरकार के प्रयास इसी प्रकार चलते रहे और किसान भाइयों का सहयोग इसी प्रकार मिलता रहा तो आने वाले समय में हैरानीजनक आंकड़े हमारे सामने आएंगे। हो सकता है कि यह समस्या आने वाले समय में समाप्त ही हो जाए।

**drmlsharma5@gmail.com**

**पंजाब केसरी**

जालंधर, R.N.I. Regd. No. 10117/65, पोस्टल रजि. नं. Pb/JL-192/2018-20

जालन्धर हैड ऑफिस : 0181-5067200/1, 5030000/1, 2280104/7.

Toll Free No. 18001371800

फैक्स : 0181-2280111-14, 5063750, 5030036.

विज्ञापन : 0181-5067249,5067206,5067263,5067253.

advt@punjabkesari.in, news@thepunjabkesari.com

सर्कुलेशन : 0181-5067251, 98151-65655.

स्वत्वाधिकारी हिंद समाचार लिमिटेड सिविल लाइन्स, जालन्धर के लिए मुद्रक, प्रकाशक तथा सम्पादक आर.एस. जैली* द्वारा पंजाब केसरी प्रिंटिंग प्रैस, स्वदेश प्रिंटिंग प्रैस जालन्धर से मुद्रित तथा सिविल लाइन्स, जालन्धर से प्रकाशित।

* इस अंक में प्रकाशित समस्त समाचारों के चयन एवं सम्पादन हेतु पी.आर.बी. एक्ट के अन्तर्गत उत्तरदायी।